ਬੱਚੇ ਦਾ ਸ਼ੁਰੂਆਤੀ ਵਿਕਾਸ

# ਅੰਨ੍ਹੇਪਣ-ਕਮਜ਼ੋਰ ਨਜ਼ਰ ਵਾਸਤੇ ਸ਼ੁਰੂਆਤੀ ਦਖ਼ਲਅੰਦਾਜ਼ੀ ਪ੍ਰੋਗਰਾਮ



## ਦ੍ਰਿਸ਼ਟੀ ਸੰਬੰਧੀ ਵਿਕਾਰਾਂ ਵਾਲੇ ਬੱਚਿਆਂ ਲਈ ਸ਼ੁਰੂਆਤੀ ਦਖ਼ਲਅੰਦਾਜ਼ੀ ਸੇਵਾਵਾਂ ਕਿਉਂ ਮਹੱਤਵਪੂਰਨ ਹਨ?

ਜਿਨ੍ਹਾਂ ਬੱਚਿਆਂ ਵਿੱਚ ਦ੍ਰਿਸ਼ਟੀ ਸੰਬੰਧੀ ਵਿਕਾਰ ਹੁੰਦਾ ਹੈ ਉਹਨਾਂ ਨੂੰ ਵਿਕਾਸ ਸੰਬੰਧੀ ਦੇਰੀਆਂ ਦਾ ਖਤਰਾ ਮੁਕਾਬਲਤਨ ਵਧੇਰੇ ਹੁੰਦਾ ਹੈ। ਤੁਹਾਡੇ ਬੱਚੇ ਦੇ ਦ੍ਰਿਸ਼ਟੀ ਸੰਬੰਧੀ ਵਿਕਾਰ ਨੂੰ ਅਤੇ ਇਸ ਗੱਲ ਨੂੰ ਸਮਝਣਾ ਕਿ ਉਹਨਾਂ ਦੀ ਸਿੱਖਿਆ ਵਿੱਚ ਸਹਾਇਤਾ ਕਿਵੇਂ ਕਰਨੀ ਹੈ, ਤੁਹਾਡੇ ਬੱਚੇ ਨੂੰ ਜੀਵਨ ਵਿੱਚ ਸਭ ਤੋਂ ਵਧੀਆ ਸੰਭਵ ਸ਼ੁਰੂਆਤ ਦੇਣ ਵਿੱਚ ਮਦਦ ਕਰੇਗਾ। ਹੁਨਰਮੰਦ ਪੇਸ਼ੇਵਰਾਂ ਕੋਲੋਂ ਸਹੀ ਸੇਵਾਵਾਂ ਦੇ ਨਾਲ, ਮਾਪੇ ਇਹ ਸਿੱਖ ਸਕਦੇ ਹਨ ਕਿ ਆਪਣੇ ਬੱਚਿਆਂ ਦੇ ਸਿਹਤਮੰਦ ਵਿਕਾਸ ਨੂੰ ਕਿਵੇਂ ਉਤਸ਼ਾਹਤ ਕਰਨਾ ਹੈ, ਜਿਸ ਵਿੱਚ ਉਹਨਾਂ ਮੁਹਾਰਤਾਂ ਨੂੰ ਸਿੱਖਣ ਵਿੱਚ ਉਹਨਾਂ ਦੀ ਮਦਦ ਕਰਨਾ ਵੀ ਸ਼ਾਮਲ ਹੈ ਜਿਸਦੀ ਉਹਨਾਂ ਨੂੰ ਸਕੂਲ ਵਿੱਚ ਸਫਲ ਹੋਣ ਲਈ ਲੋੜ ਹੋਵੇਗੀ। ਅੰਨ੍ਹੇਪਣ-ਕਮਜ਼ੋਰ ਨਜ਼ਰ ਵਾਸਤੇ ਸ਼ੁਰੂਆਤੀ ਦਖ਼ਲਅੰਦਾਜ਼ੀ ਪ੍ਰੋਗਰਾਮ (The Blind-Low Vision Early Intervention Program) ਤੁਹਾਡੇ ਘਰ, ਬਾਲ ਸੰਭਾਲ ਕੇਂਦਰ ਅਤੇ ਭਾਈਚਾਰੇ ਵਿੱਚ ਸਹਾਇਤਾ ਪ੍ਰਦਾਨ ਕਰਾਉਂਦਾ ਹੈ ਅਤੇ ਇਹ ਜਨਮ ਤੋਂ ਲੈਕੇ ਸਕੂਲ ਵਿੱਚ ਦਾਖਲੇ ਤੱਕ ਉਹਨਾਂ ਬੱਚਿਆਂ ਵਾਲੇ ਪਰਿਵਾਰਾਂ ਵਾਸਤੇ ਉਪਲਬਧ ਹੈ ਜਿਨ੍ਹਾਂ ਨੂੰ ਦ੍ਰਿਸ਼ਟੀ ਦਾ ਵਿਕਾਰ ਹੈ।

## ਮੈਨੂੰ ਕਿਵੇਂ ਪਤਾ ਚੱਲੇਗਾ ਕਿ ਮੇਰੇ ਬੱਚੇ ਨੂੰ ਦ੍ਰਿਸ਼ਟੀ ਸੰਬੰਧੀ ਸਮੱਸਿਆ ਹੈ?

ਸਾਰੇ ਬੱਚਿਆਂ ਨੂੰ ਆਪਣੀਆਂ ਅੱਖਾਂ ਦੀ ਪਹਿਲੀ ਜਾਂਚ ਅੱਖਾਂ ਦੇ ਕਿਸੇ ਡਾਕਟਰ ਕੋਲੋਂ 6 ਮਹੀਨੇ ਦੀ ਉਮਰ ਦਾ ਹੋਣ 'ਤੇ, ਦੁਬਾਰਾ 2-3 ਸਾਲਾਂ ਦੀ ਉਮਰ ਦਾ ਹੋਣ 'ਤੇ, ਅਤੇ ਫਿਰ ਇਸ ਤੋਂ ਬਾਅਦ ਹਰ ਸਾਲ ਕਰਵਾਉਣੀ ਚਾਹੀਦੀ ਹੈ।

ਇਸ ਬਾਰੇ ਵਧੇਰੇ ਜਾਣਕਾਰੀ ਲਈ ਕਿ ਅੱਖਾਂ ਦੀ ਜਾਂਚ ਕਿਵੇਂ ਕਰਵਾਉਣੀ ਹੈ, ਕਿਰਪਾ ਕਰਕੇ **optom.on.ca** ਦੇਖੋ।

## ਕਿਹੜੀਆਂ ਸੇਵਾਵਾਂ ਉਪਲਬਧ ਹਨ?

ਦ੍ਰਿਸ਼ਟੀ ਦੇ ਵਿਕਾਰ ਵਾਲੇ ਬੱਚਿਆਂ ਲਈ, ਸਿੱਖਿਆ ਅਤੇ ਵਿਕਾਸ ਵਾਸਤੇ ਛੋਹ, ਸੁਣਨਾ ਅਤੇ ਬਾਕੀ ਬਚੀ ਦ੍ਰਿਸ਼ਟੀ ਦੀ ਵਰਤੋਂ ਕਰਨਾ ਬੇਹੱਦ ਮਹੱਤਵਪੂਰਨ ਹੈ। ਸ਼ੁਰੂਆਤੀ ਬਚਪਨ ਵਿੱਚ ਦ੍ਰਿਸ਼ਟੀ ਬਾਰੇ ਸਲਾਹਕਾਰ ਨਿਮਨਲਿਖਤ ਚੀਜ਼ਾਂ ਲਈ ਤੁਹਾਡੇ ਪਰਿਵਾਰ ਨਾਲ ਮਿਲਕੇ ਕੰਮ ਕਰ ਸਕਦਾ ਹੈ:

- ਘਰ ਵਿਖੇ ਤੁਹਾਡੇ ਬੱਚੇ ਦੀ ਰੋਜ਼ਾਨਾ ਜ਼ਿੰਦਗੀ ਦੇ ਰੁਟੀਨਾਂ ਵਾਸਤੇ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਾਉਣਾ
- ਤੁਹਾਨੂੰ ਦਿਖਾਉਣਾ ਕਿ ਖੇਡ ਰਾਹੀਂ ਤੁਹਾਡੇ ਬੱਚੇ ਦੇ ਵਿਕਾਸ ਨੂੰ ਕਿਵੇਂ ਉਤਸ਼ਾਹਤ ਕਰਨਾ ਹੈ
- ਸ਼ੁਰੂਆਤੀ ਬਚਪਨ ਦੇ ਸਿੱਖਿਅਕਾਂ ਨੂੰ ਇਹ ਸਿੱਖਣ ਵਿੱਚ ਮਦਦ ਕਰਨਾ ਕਿ ਤੁਹਾਡੇ ਬੱਚੇ ਨੂੰ ਸਭ ਤੋਂ ਵਧੀਆ ਤਰੀਕੇ ਨਾਲ ਕਿਵੇਂ ਪੜ੍ਹਾਉਣਾ ਹੈ ਜਦ ਤੁਹਾਡਾ ਬੱਚਾ ਕਿਸੇ ਬਾਲ ਸੰਭਾਲ ਜਾਂ ਸ਼ੁਰੂਆਤੀ ਸਿੱਖਿਆ ਕੇਂਦਰ ਵਿੱਚ ਦਾਖਲ ਹੁੰਦਾ ਹੈ
- ਤੁਹਾਨੂੰ ਹੋਰ ਪ੍ਰੋਗਰਾਮਾਂ ਅਤੇ ਸਥਾਨਕ ਭਾਈਚਾਰਕ ਸਰੋਤਾਂ ਤੱਕ ਪਹੁੰਚ ਕਰਨ ਵਿੱਚ ਮਦਦ ਕਰਨਾ

(ਪਿਛਲੇ ਪਾਸੇ ਜਾਰੀ)

ਤੁਹਾਡਾ 'ਸ਼ੁਰੂਆਤੀ ਬਚਪਨ ਵਿੱਚ ਦ੍ਰਿਸ਼ਟੀ ਬਾਰੇ ਸਲਾਹਕਾਰ' ਹੋਰ ਭਾਈਚਾਰਕ ਭਾਈਵਾਲਾਂ ਨਾਲ ਮਿਲਕੇ ਕੰਮ ਕਰੇਗਾ ਤਾਂ ਜੋ ਤੁਹਾਡੇ ਅਤੇ ਤੁਹਾਡੇ ਬੱਚੇ ਵਾਸਤੇ ਸੇਵਾਵਾਂ ਵਿੱਚ ਤਾਲਮੇਲ ਬਿਠਾਇਆ ਜਾ ਸਕੇ। ਅੰਨ੍ਹੇਪਣ-ਕਮਜ਼ੋਰ ਨਜ਼ਰ ਵਾਸਤੇ ਸ਼ੁਰੂਆਤੀ ਦਖ਼ਲਅੰਦਾਜ਼ੀ ਪ੍ਰੋਗਰਾਮ ਲਈ ਸਿਫਾਰਸ਼ਾਂ ਪਰਿਵਾਰਾਂ ਦੁਆਰਾ ਜਾਂ ਕਿਸੇ ਵੀ ਸਿਹਤ ਸੰਭਾਲ ਪੇਸ਼ੇਵਰ ਵੱਲੋਂ ਕੀਤੀਆਂ ਜਾ ਸਕਦੀਆਂ ਹਨ ਜਦ ਇਸ ਬਾਰੇ ਕੋਈ ਸ਼ੰਕਾ ਹੁੰਦਾ ਹੈ ਕਿ ਕਿਸੇ ਬੱਚੇ ਦੀ ਦ੍ਰਿਸ਼ਟੀ ਉਹਨਾਂ ਦੇ ਸ਼ੁਰੂਆਤੀ ਵਿਕਾਸ ਨੂੰ ਪ੍ਰਭਾਵਿਤ ਕਰ ਸਕਦੀ ਹੈ। ਜਦ ਪਰਿਵਾਰ ਸੇਵਾਵਾਂ ਪ੍ਰਾਪਤ ਕਰਦੀਆਂ ਹਨ ਤਾਂ ਇੱਕ ਡਾਕਟਰੀ ਤਸ਼ਖ਼ੀਸ ਹਾਸਲ ਕੀਤੀ ਜਾ ਸਕਦੀ ਹੈ।

ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਦੇਖੋ:

**ontario.ca/childvision**